ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 2425 ਮਿਤੀ: 14/8/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 11/08/2023 ਨੂੰ ਪਾਸ ਕੀਤੇ ਗਏ ਹੁਕਮਾ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 57, 58 ਮਿਤੀ 11/08/2023 ਦੀ ਨਕਲ ਆਪ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 2426-2429 ਮਿਤੀ: 14/8/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 11/08/2023 ਨੂੰ ਡਾ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 57<br>11/08/2023 | ਰਿਪੋਰਟ ਵੱਲੋਂ ਸਪੁਰਡੰਟ ਕਾਰ ਪਾਰਕਿੰਗ ਕਿ ਕਾਰ ਪਾਰਕਿੰਗ ਨੂੰ ਠੇਕੇ ਤੇ ਦੇਣ ਸਬੰਧੀ ਨਗਰ ਨਿਗਮ, ਫਗਵਾੜਾ ਵੱਲੋਂ ਪਹਿਲਾਂ ਬੋਲੀ NIT. No. 2125 ਮਿਤੀ 06.06.2018 ਰਾਹੀਂ 2 ਲੱਖ + ਟੈਕਸ ਪ੍ਰਤੀ ਮਹੀਨਾ ਦੇਣ ਲਈ ਨਿਸ਼ਚਿਤ ਹੋਈ ਸੀ, ਦੂਸਰੀ ਬੋਲੀ NIT No. 1113/CE ਮਿਤੀ 12.05.2022 ਰੁਪਏ 1.80 ਲੱਖ + ਟੈਕਸ ਪ੍ਰਤੀ ਮਹੀਨਾ, ਤੀਸਰੀ ਬੋਲੀ NIT No. 1113/CE ਮਿਤੀ: 15.06.2022 ਰੁਪਏ 1.80 ਲੱਖ + ਟੈਕਸ ਪ੍ਰਤੀ ਮਹੀਨਾ ਅਤੇ ਚੋਥੀ ਬੋਲੀ NIT No. 1312/SE ਮਿਤੀ: 13.06.2023 ਰੁਪਏ 1.05 ਲੱਖ+ਟੈਕਸ ਪ੍ਰਤੀ ਮਹੀਨਾ ਤੇ ਕਾਰ ਪਾਰਕਿੰਗ ਨੂੰ ਠੇਕੇ ਤੇ ਚਾੜਣ ਲਈ ਲਗਾਈ ਗਈ ਪ੍ਰਤੂੰ ਉਕਤ ਬੋਲਿਆਂ ਮੁੰਕਮਲ ਨਾ ਹੋਣ ਤੇ ਪਬਲਿਕ ਹਿੱਤਾ ਨੂੰ ਮੁੱਖ ਰਕਦੇ ਹੋਏ ਕਾਰ ਪਾਰਕਿੰਗ ਦੇ ਕੰਮ ਨੂੰ ਨਗਰ ਨਿਗਮ ਫਗਵਾੜਾ ਵਲੋ ਆਪਣੇ ਪੱਧਰ ਤੇ ਚਲਾਇਆ ਗਿਆ ਹੈ। ਜਿਸ ਵਿੱਚ ਨਗਰ ਨਿਗਮ ਦੇ 6 ਕਰਮਚਾਰੀ ਕਾਰ ਪਾਰਕਿੰਗ ਵਿਖੇ ਤੈਨਾਤ ਕੀਤੇ ਗਏ ਹਨ ਤਾਂ ਜੋ ਕਾਰ ਪਾਰਕਿੰਗ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ ਜਿਸ ਦੋਰਾਨ ਨਗਰ ਨਿਗਮ ਫਗਵਾੜਾ ਨੂੰ ਸਾਲ 2021-22 ਵਿੱਚ ਲਗਭਗ 72378/- ਰੁਪਏ ਪ੍ਰਤੀ ਮਹੀਨਾ ਅਤੇ ਸਾਲ 2022-23 ਵਿੱਚ ਲਗਭਗ 122864/- ਰੁਪਏ ਪ੍ਰਤੀ ਮਹੀਨਾ ਅਤੇ ਸਾਲ 2023-24 ਦੇ ਪਹਿਲੇ 3 ਮਹੀਨੇ ਵਿੱਚ ਲਗਭਗ 61243/- ਰੁਪਏ ਪ੍ਰਤੀ ਮਹੀਨਾ ਆਮਦਨ ਹੋਈ ਹੈ। ਕਾਰ ਪਾਰਕਿੰਗ ਵਿੱਚ ਕੰਮ ਕਰਦੇਂ 6 ਕਰਮਚਾਰੀਆ ਦੀ ਪ੍ਰਤੀ ਮਹੀਨਾ ਲਗਭਗ 1.50 ਲੱਖ ਰੁਪਏ ਤਨਖਾਹ ਬਣਦੀ ਹੈ। ਇਥੇ ਦੱਸਿਆ ਜਾਦਾ ਹੈ ਕਿ ਕਾਰ ਪਾਰਕਿੰਗ ਵਿੱਚ Profit ਦਾ ਹਿਸਾਬ ਨਹੀ ਕੀਤਾ ਜਾ ਸਕਦਾ ਕਿਉ ਜੋ ਪਾਰਕਿੰਗ ਪਬਲਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਬਣਾਈ ਗਈ ਹੈ। ਪਬਲਿਕ ਪਾਰਕਿੰਗ ਵਿੱਚ ਪੈਸੇ ਦੇਣ ਤੋ ਗੁਰੇਜ਼ ਕਰਦੀ ਹੈ। ਇਥੇ ਇਹ ਵੀ ਦਸਿਆ ਜਾਦਾ ਹੈ ਕਿ ਜਿਸ ਜਗ੍ਹਾ ਸ਼ਹਿਰ ਵਿੱਚ ਪਾਰਕਿੰਗ ਬਣਾਈ ਗਈ ਹੈ ਉਹ ਸ਼ਹਿਰ ਦਾ ਮੇਨ ਬਜ਼ਾਰ ਹੈ, ਇਥੇ ਹਜਾਰਾ ਦੀ ਗਿਣਤੀ ਵਿੱਚ ਸਾਇਕਲ, ਸਕੂਟਰ ਤੇ ਕਾਰਾ ਆਉਂਦੀਆ ਹਨ। ਉੱਥੇ ਹਰ ਸਮੇਂ ਬਜ਼ਾਰ ਬਲੋਕ ਹੀ ਰਹਿੰਦਾ ਹੈ ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰਕਦੇ ਹੋਏ ਇਹ ਕਾਰ ਪਾਰਕਿੰਗ ਅਗਰ ਘੱਟ ਪੈਸਿਆ ਵਿੱਚ ਵੀ ਠੇਕੇ ਤੇ ਹੁੰਦੀ ਹੈ ਤਾਂ ਇਹ ਜਨ ਹਿੱਤ ਵਿੱਚ ਹੋਵੇਗਾ। ਇਸ ਲਈ ਨਗਰ ਨਿਗਮ ਤੇ ਪੈ ਰਹੇ | ------ | ਸੂਚਨਾ ਹਿੱਤ। |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

<table>
<tr><td></td><td></td><td>ਵਿੱਤੀ ਬੋਝ ਨੂੰ ਮੁੱਖ ਰਖਦੇ ਹੋਏ ਬਿਹਤਰ ਹੋਵੇਗਾ ਕਿ ਪਾਰਕਿੰਗ ਨੂੰ ਰੁਪਏ 1.05 ਲੱਖ + ਟੈਕਸ ਤੋ ਘਟਾ ਕੇ ਰੁਪਏ 70000 + ਟੈਕਸ ਪ੍ਰਤੀ ਮਹੀਨਾ ਰਿਜ਼ਰਵ Price Fixation ਤੋ ਬਾਅਦ Online Bid ਰਾਂਹੀ ਹੇਠ ਲਿਖੇ ਪਰਪੋਜ਼ਲ ਅਨੁਸਾਰ ਠੇਕੇ ਤੇ ਦੇਣ ਲਈ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।<br><br>1 Two Wheeler = 10 ਰੁਪਏ ਪ੍ਰਤੀ 3 ਘੰਟੇ<br>2 Four Wheeler (Car/JEEP) = 20 ਰੁਪਏ ਪ੍ਰਤੀ 3 ਘੰਟੇ<br>3 Four Wheeler (Heavy Vehicale) = 50 ਰੁਪਏ ਪ੍ਰਤੀ 3 ਘੰਟੇ<br><br>ਉਕਤ ਸਬੰਧੀ ਬਿਜਲੀ ਦੇ ਬਿੱਲ ਦੀ ਅਦਾਇਗੀ ਠੇਕੇਦਾਰ ਵੱਲੋਂ ਹੀ ਕੀਤੀ ਜਾਵੇਗੀ। ਇੱਥੇ ਇਹ ਦੱਸਣਯੋਗ ਹੈ ਕਿ ਮਾਨਯੋਗ ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23-03-2020 ਰਾਹੀਂ ਹਾਊਸ ਦੀਆਂ ਸ਼ਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ, ਫ਼ਗਵਾੜਾ ਨੂੰ ਦਿੱਤੀਆਂ ਗਈਆਂ ਸਨ। ਉਕਤ ਸਬੰਧੀ ਮਤਾ ਪ੍ਰਸਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td><td></td><td></td></tr>
<tr><td>2</td><td>58<br>11/08/2023</td><td>ਰਿਪੋਰਟ ਵੱਲੋਂ ਚੀਫ਼ ਸੈਨਟਰੀ ਇੰਸਪੈਕਟਰ, ਨਗਰ ਨਿਗਮ,ਫਗਵਾੜਾ ਕਿ Waste Characteristics to evaluate its suitability for Energy Production. ਸਬੰਧੀ ਨਗਰ ਨਿਗਮ, ਫਗਵਾੜਾ ਵੱਲੋਂ CBG Plant ਲਗਾਇਆ ਜਾਣਾ ਹੈ ਜਿਸ ਲਈ Physical & Chemical ਟੈਸਟ ਰਿਪੋਰਟ ਦੀ ਜਰੂਰਤ ਹੈ ਇਸ ਸਬੰਧੀ ਨਗਰ ਨਿਗਮ, ਫਗਵਾੜਾ ਦੇ ਪੱਤਰ ਨੰ: 2352 ਮਿਤੀ 09-08-2023 ਰਾਹੀਂ Department of Environment Science & Technology, Central University of Punjab, Bathinda ਪਾਸੋਂ ਕੁਟੇਸ਼ਨਾਂ ਮੰਗਵਾਈਆਂ ਗਈਆਂ ਸਨ ਜੋ ਕਿ ਉਕਤ ਵਿਭਾਗ ਵੱਲੋਂ ਪੱਤਰ ਨੰ: WPB/EDST/Const./96 ਮਿਤੀ 09-08-2023 ਰਾਹੀਂ ਭੇਜੀਆਂ ਗਈਆਂ ਹਨ ਜਿਹਨਾਂ ਦਾ ਵੇਰਵਾ ਹੇਠ ਅਨੁਸਾਰ ਹੈ ਜੀ:-<br><br><table><tr><td>Material</td><td>Testing detail</td><td>Charges (INR) Including GST@18%</td><td>Remarks</td></tr><tr><td>Domestic Waste</td><td>Chemical Testing</td><td>51920 for 2 sample</td><td>Minimum 2 samples each time</td></tr><tr><td></td><td>Physical Segregation</td><td>29500/- for 1 sample</td><td></td></tr><tr><td></td><td></td><td></td><td></td></tr><tr><td colspan="2">Travel charges from Bathinda per time</td><td>7080</td><td></td></tr></table></td><td>------</td><td>ਸੂਚਨਾ ਹਿੱਤ।</td></tr>
</table>

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

| | | |
|---|---|---|
| for sample collection | | |
| Total Charges | 88,500 | |

ਇੱਥੇ ਇਹ ਦੱਸਣਯੋਗ ਹੈ ਕਿ ਮਾਨਯੋਗ ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23-03-2020 ਰਾਹੀਂ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਨੂੰ ਦਿੱਤੀਆਂ ਗਈਆਂ ਸਨ। ਇਸ ਲਈ ਉਕਤ ਕੰਮ ਦੀ ਟੈਸਟਿੰਗ ਕਰਵਾਉਣ ਲਈ 88,500/- ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪੇਸ਼ ਹੈ ਜੀ।

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ